ਮਿੱਠੇ ਬੱਚੇ:- "ਮਿੱਠੇ ਬੱਚੇ - ਸਦਾ ਬਾਪ ਦੀ ਯਾਦ ਦਾ ਚਿੰਤਨ ਅਤੇ ਗਿਆਨ ਦਾ ਵਿਚਾਰ ਸਾਗਰ ਮੰਥਨ ਕਰੋ ਤਾਂ ਨਵੀਂ - ਨਵੀਂ ਪੁਆਇੰਟ ਨਿਕਲਦੀਆਂ ਰਹਿਣਗੀਆਂ, ਖੁਸ਼ੀ ਵਿੱਚ ਰਹੋਗੇ"

ਪ੍ਰਸ਼ਨ:- ਇਸ ਡਰਾਮਾ ਵਿੱਚ ਸਭ ਤੋਂ ਵੱਡੀ ਤੋਂ ਵੱਡੀ ਕਮਾਲ ਕਿਸਦੀ ਹੈ ਅਤੇ ਕਿਓਂ?

ਉੱਤਰ:- 1. ਸਭ ਤੋਂ ਵੱਡੀ ਕਮਾਲ ਹੈ ਸ਼ਿਵਬਾਬਾ ਦੀ ਕਿਉਂਕਿ ਉਹ ਤੁਹਾਨੂੰ ਸੈਕਿੰਡ ਵਿੱਚ ਪਰੀਜ਼ਾਦਾ ਬਣਾ ਦਿੰਦੇ ਹਨ। ਇਸ ਤਰ੍ਹਾਂ ਪੜ੍ਹਾਈ ਪੜ੍ਹਾਉਂਦੇ ਹਨ ਜਿਸ ਨਾਲ ਤੁਸੀਂ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਦੁਨੀਆਂ ਵਿੱਚ ਇਵੇਂ ਦੀ ਪੜ੍ਹਾਈ ਬਾਪ ਤੋਂ ਸਿਵਾਏ ਹੋਰ ਕੋਈ ਪੜ੍ਹਾ ਨਹੀਂ ਸਕਦਾ ਹੈ। 2. ਗਿਆਨ ਦਾ ਤੀਸਰਾ ਨੇਤਰ (ਅੱਖ) ਦੇ ਹਨੇਰੇ ਤੋਂ ਰੋਸ਼ਨੀ ਵਿੱਚ ਲੈ ਆਉਣਾ, ਠੋਕਰ ਖਾਣ ਤੋਂ ਬਚਾ ਦੇਣਾ, ਇਹ ਬਾਪ ਦਾ ਹੀ ਕੰਮ ਹੈ ਇਸ ਲਈ ਉਨ੍ਹਾਂ ਵਰਗੀ ਕਮਾਲ ਦਾ ਵੰਡਰਫੁੱਲ ਕੰਮ ਕੋਈ ਨਹੀਂ ਕਰ ਸਕਦਾ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਰੋਜ਼-ਰੋਜ਼ ਬੱਚਿਆਂ ਨੂੰ ਸਮਝਾਉਂਦੇ ਹਨ ਅਤੇ ਬੱਚੇ ਆਪਣੇ ਨੂੰ ਆਤਮਾ ਸਮਝ ਬਾਪ ਤੋਂ ਸੁਣਦੇ ਹਨ। ਜਿਵੇਂ ਬਾਪ ਗੁਪਤ ਹੈ, ਉਵੇਂ ਗਿਆਨ ਵੀ ਗੁਪਤ ਹੈ। ਕਿਸੇ ਨੂੰ ਵੀ ਸਮਝ ਨਹੀਂ ਆਉਂਦਾ ਹੈ ਕਿ ਆਤਮਾ ਕੀ ਹੈ, ਪਰਮਪਿਤਾ ਪਰਮਾਤਮਾ ਕੀ ਹੈ। ਤੁਹਾਨੂੰ ਬੱਚਿਆਂ ਨੂੰ ਪੱਕੀ ਆਦਤ ਪੈ ਜਾਣੀ ਚਾਹੀਦੀ ਹੈ ਕੀ ਅਸੀਂ ਆਤਮਾ ਹਾਂ। ਬਾਪ ਸਾਨੂੰ ਆਤਮਾਵਾਂ ਨੂੰ ਸੁਣਾਉਂਦੇ ਹਨ। ਇਹ ਬੁੱਧੀ ਨਾਲ ਸਮਝਣਾ ਹੈ ਅਤੇ ਐਕਟ ਵਿੱਚ ਆਉਣਾ ਹੈ। ਬਾਕੀ ਧੰਦਾ ਆਦਿ ਤਾਂ ਕਰਨਾ ਹੀ ਹੈ। ਕੋਈ ਬੁਲਾਉਣਗੇ ਤਾਂ ਜਰੂਰ ਨਾਮ ਨਾਲ ਬੁਲਾਉਣਗੇ। ਨਾਮ ਰੂਪ ਹੈ ਇਸ ਲਈ ਤਾਂ ਬੋਲ ਸਕਦੇ ਹਨ। ਕੁਝ ਵੀ ਕਰ ਸਕਦੇ ਹਨ। ਸਿਰਫ਼ ਇਹ ਪੱਕਾ ਕਰਨਾ ਹੈ ਕਿ ਅਸੀਂ ਆਤਮਾ ਹਾਂ। ਮਹਿਮਾ ਸਾਰੀ ਨਿਰਾਕਾਰ ਦੀ ਹੈ। ਜੇਕਰ ਸਾਕਾਰ ਵਿੱਚ ਦੇਵਤਾਵਾਂ ਦੀ ਮਹਿਮਾ ਹੈ ਤਾਂ ਉਹਨਾਂ ਨੂੰ ਮਹਿਮਾ ਲਾਇਕ ਬਾਪ ਨੇ ਬਣਾਇਆ ਹੈ। ਮਹਿਮਾ ਲਾਇਕ ਸੀ, ਹੁਣ ਫਿਰ ਬਾਪ ਮਹਿਮਾ ਲਾਇਕ ਬਣਾ ਰਹੇ ਹਨ ਇਸਲਈ ਨਿਰਾਕਾਰ ਦੀ ਮਹਿਮਾ ਹੈ। ਵਿਚਾਰ ਕੀਤਾ ਜਾਂਦਾ ਹੈ, ਬਾਪ ਦੀ ਕਿੰਨੀ ਮਹਿਮਾ ਹੈ ਅਤੇ ਕਿੰਨੀ ਉਨ੍ਹਾਂ ਦੀ ਸਰਵਿਸ ਹੈ। ਉਹ ਸਮਰੱਥ ਹਨ, ਸਭ ਕੁਝ ਕਰ ਸਕਦੇ ਹਨ। ਅਸੀਂ ਤਾਂ ਬਹੁਤ ਥੋੜੀ ਮਹਿਮਾ ਕਰਦੇ ਹਾਂ। ਮਹਿਮਾ ਤਾਂ ਉਨ੍ਹਾਂ ਦੀ ਬੜੀ ਹੈ। ਮੁਸਲਮਾਨ ਲੋਕ ਵੀ ਕਹਿੰਦੇ ਹਨ ਅੱਲ੍ਹਾ ਮੀਆਂ ਨੇ ਇਵੇਂ ਫਰਮਾਇਆ। ਹੁਣ ਫਰਮਾਇਆ ਕਿਸਦੇ ਅੱਗੇ? ਬੱਚਿਆਂ ਦੇ ਅੱਗੇ ਫਰਮਾਉਂਦੇ ਹਨ, ਜੋ ਤੁਸੀਂ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਅੱਲ੍ਹਾ ਮੀਆਂ ਨੇ ਕਿਸੇ ਦੇ ਪ੍ਰਤੀ ਫਰਮਾਇਆ ਤਾਂ ਹੋਇਆ ਹੋਵੇਗਾ ਨਾ। ਤੁਹਾਨੂੰ ਬੱਚਿਆਂ ਨੂੰ ਹੀ ਸਮਝਾਉਂਦੇ ਹਨ, ਜਿਸਦਾ ਕਿਸੇ ਨੂੰ ਪਤਾ ਨਹੀਂ ਹੈ। ਹੁਣ ਤੁਹਾਨੂੰ ਪਤਾ ਲੱਗਿਆ ਹੈ ਫਿਰ ਤਾਂ ਇਹ ਨਾਲ਼ੇਜ਼ ਹੀ ਗੁੰਮ ਹੋ ਜਾਂਦੀ ਹੈ। ਬੋਧੀ ਵੀ ਇਸ ਤਰ੍ਹਾਂ ਕਹਿਣਗੇ ਅਤੇ ਕ੍ਰਿਸ਼ਚਨ ਵੀ ਇਵੇਂ ਕਹਿਣਗੇ। ਪਰ ਫਰਮਾਇਆ ਕੀ ਸੀ ਇਹ ਕਿਸੇ ਨੂੰ ਪਤਾ ਨਹੀਂ ਹੈ। ਬਾਪ ਤੁਹਾਨੂੰ ਬੱਚਿਆਂ ਨੂੰ ਅਲਫ਼ ਅਤੇ ਬੇ ਸਮਝਾ ਰਹੇ ਹਨ। ਆਤਮਾ ਨੂੰ ਬਾਪ ਦੀ ਯਾਦ ਭੁੱਲ ਨਹੀਂ ਸਕਦੀ ਹੈ। ਆਤਮਾ ਅਵਿਨਾਸ਼ੀ ਹੈ ਤਾਂ ਯਾਦ ਵੀ ਅਵਿਨਾਸ਼ੀ ਰਹਿੰਦੀ ਹੈ। ਬਾਪ ਵੀ ਅਵਿਨਾਸ਼ੀ ਹੈ। ਗਾਉਂਦੇ ਵੀ ਹਨ ਅੱਲ੍ਹਾ ਮੀਆਂ ਨੇ ਇਵੇਂ ਕਿਹਾ ਸੀ ਪਰ ਉਹ ਹੈ ਕੌਣ, ਕੀ ਕਹਿੰਦੇ ਸੀ - ਇਹ ਕੁਝ ਪਤਾ ਨਹੀਂ ਹੈ। ਅੱਲ੍ਹਾ ਮੀਆਂ ਨੂੰ ਠਿਕੱਰ - ਭਿੱਤਰ ਵਿੱਚ ਕਹਿ ਦਿੱਤਾ ਹੈ ਤਾਂ ਫਿਰ ਜਾਨਣਗੇ ਕਿਵੇਂ? ਭਗਤੀ ਮਾਰਗ ਵਿੱਚ ਪ੍ਰਾਥਨਾ ਕਰਦੇ ਹਨ। ਹੁਣ ਤੁਸੀਂ ਸਮਝਦੇ ਹੋ ਜੋ ਵੀ ਆਉਂਦੇ ਹਨ, ਉਨ੍ਹਾਂ ਨੂੰ ਸਤੋ, ਰਜੋ ਅਤੇ ਤਮੋ ਵਿੱਚ ਆਉਣਾ ਹੀ ਹੈ। ਕ੍ਰਾਇਸਟ ਬੋਧੀ ਜੋ ਵੀ ਆਉਂਦੇ ਹਨ ਉਨ੍ਹਾਂ ਦੇ ਪਿੱਛੇ ਸਭ ਨੂੰ ਉਤਰਨਾ ਹੈ। ਚੜ੍ਹਨ ਦੀ ਤਾਂ ਕੋਈ ਗੱਲ ਨਹੀਂ ਹੈ। ਬਾਪ ਹੀ ਆਕੇ ਸਭ ਨੂੰ ਚੜ੍ਹਾਉਂਦੇ ਹਨ। ਸਭ ਦਾ ਸਦਗਤੀ ਦਾਤਾ ਇਕ ਹੈ। ਹੋਰ ਕੋਈ ਸਦਗਤੀ ਕਰਨ ਨਹੀਂ ਆਉਂਦੇ ਹਨ। ਸਮਝੋ ਕ੍ਰਾਇਸਟ ਆਇਆ, ਕਿਸ ਨੂੰ ਬੈਠ ਸਮਝਾਉਣਗੇ। ਇਹਨਾਂ ਗੱਲਾਂ ਨੂੰ ਸਮਝਣ ਲਈ ਚੰਗੀ ਬੁੱਧੀ ਚਾਹੀਦੀ ਹੈ। ਨਵੀਂ-ਨਵੀਂ ਯੁਕਤੀਆਂ ਕੱਢਣੀਆ ਚਾਹੀਦੀਆਂ ਹਨ। ਮੇਹਨਤ ਕਰਨੀ ਹੈ, ਰਤਨ ਕੱਢਣੇ ਹਨ ਇਸਲਈ ਬਾਬਾ ਕਹਿੰਦੇ ਹਨ ਵਿਚਾਰ ਸਾਗਰ ਮੰਥਨ ਕਰ ਕੇ ਲਿਖੋ, ਫਿਰ ਪੜ੍ਹੋ ਕਿ ਕੀ-ਕੀ ਮਿਸ ਹੋਇਆ। ਬਾਬਾ ਦਾ ਜੋ ਪਾਰਟ ਹੈ ਉਹ ਤਾਂ ਚਲਦਾ ਰਹੇਗਾ। ਬਾਬਾ ਕਲਪ ਪਹਿਲੇ ਵਾਲੀ ਨਾਲ਼ੇਜ਼ ਸੁਣਉਂਦੇ ਹਨ। ਇਹ ਬੱਚੇ ਜਾਣਦੇ ਹਨ ਕਿ ਜੋ ਧਰਮ ਸਥਾਪਨ ਕਰਨ ਲਈ ਆਉਂਦੇ ਹਨ ਉਨ੍ਹਾਂ ਦੇ ਪਿੱਛੇ ਉਨ੍ਹਾਂ ਦੇ ਧਰਮ ਵਾਲਿਆਂ ਨੂੰ ਵੀ ਥੱਲੇ ਉਤਰਨਾ ਹੈ। ਉਹ ਕਿਸੇ ਨੂੰ ਚੜ੍ਹਾਉਣਗੇ ਕਿਵੇਂ? ਪੌੜੀ ਥੱਲੇ ਉਤਰਨੀ ਹੀ ਹੈ। ਪਹਿਲਾਂ ਹੈ ਸੁੱਖ, ਪਿੱਛੇ ਹੈ ਦੁੱਖ। ਇਹ ਨਾਟਕ ਬੜਾ ਫਾਈਨ ਬਣਿਆ ਹੋਇਆ ਹੈ। ਵਿਚਾਰ ਸਾਗਰ ਮੰਥਨ ਕਰਨ ਦੀ ਜਰੂਰਤ ਹੈ, ਉਹ ਕੋਈ ਸਦਗਤੀ ਕਰਨ ਲਈ ਨਹੀਂ ਆਉਂਦੇ ਹਨ। ਉਹ ਆਉਂਦੇ ਹਨ ਧਰਮ ਸਥਾਪਨ ਕਰਨ ਦੇ ਲਈ। ਗਿਆਨ ਦਾ ਸਾਗਰ ਇਕ ਹੈ ਹੋਰ ਕਿਸੇ ਵਿੱਚ ਗਿਆਨ ਨਹੀਂ ਹੈ। ਡਰਾਮਾ ਵਿੱਚ ਸੁੱਖ ਦੁੱਖ ਦੀ ਖੇਡ ਤਾਂ ਸਭ ਦੇ ਲਈ ਹੈ। ਦੁੱਖ ਨਾਲੋਂ ਸੁੱਖ ਜ਼ਿਆਦਾ ਹੈ। ਡਰਾਮਾ ਵਿੱਚ ਪਾਰਟ ਵਜਾਉਂਦੇ ਹਨ ਜਰੂਰ ਸੁੱਖ ਹੋਣਾ ਚਾਹੀਦਾ ਹੈ। ਬਾਪ ਦੁੱਖ ਥੋੜੀ ਸਥਾਪਨ ਕਰਨਗੇ। ਬਾਪ ਤਾਂ ਸਭ ਨੂੰ ਸੁੱਖ ਦਿੰਦੇ ਹਨ। ਵਿਸ਼ਵ ਵਿੱਚ ਸ਼ਾਂਤੀ ਹੋ ਜਾਂਦੀ ਹੈ। ਦੁਖਧਾਮ ਵਿੱਚ ਸ਼ਾਂਤੀ ਤਾਂ ਹੋ ਨਹੀਂ ਸਕਦੀ ਹੈ। ਸ਼ਾਂਤੀ ਓਦੋਂ ਮਿਲਨੀ ਹੈ ਜਦੋ ਵਾਪਿਸ ਸ਼ਾਂਤੀਧਾਮ ਵਿੱਚ ਜਾਵਾਂਗੇ।

ਬਾਪ ਬੈਠ ਸਮਝਾਉਂਦੇ ਹਨ। ਇਹ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ ਕਿ ਅਸੀਂ ਬਾਬਾ ਦੇ ਨਾਲ ਹਾਂ, ਬਾਬਾ ਆਇਆ ਹੋਇਆ ਹੈ ਅਸੁਰ ਤੋਂ ਦੇਵਤਾ ਬਣਾਉਣ ਦੇ ਲਈ। ਇਹ ਦੇਵਤਾ ਜਦੋਂ ਸਦਗਤੀ ਵਿੱਚ ਰਹਿੰਦੇ ਹਨ ਤਾਂ ਬਾਕੀ ਸਾਰੀਆਂ ਆਤਮਾਵਾਂ ਮੂਲਵਤਨ ਵਿੱਚ

ਰਹਿੰਦੀਆਂ ਹਨ। ਡਰਾਮਾ ਵਿੱਚ ਸਭ ਤੋਂ ਵੱਡੀ ਕਮਾਲ ਹੈ ਬੇਹੱਦ ਦੇ ਬਾਪ ਦੀ, ਜੋ ਤੁਹਾਨੂੰ ਪਰੀਜ਼ਾਦਾ ਬਣਾਉਂਦੇ ਹਨ। ਪੜਾਈ ਨਾਲ ਤੁਸੀਂ ਪਰੀ ਬਣਦੇ ਹੋ। ਭਗਤੀ ਮਾਰਗ ਵਿੱਚ ਸਮਝਦੇ ਕੁਝ ਵੀ ਨਹੀਂ ਹਨ, ਮਾਲਾ ਫੇਰਦੇ ਰਹਿੰਦੇ ਹਨ। ਕੋਈ ਹਨੂਮਾਨ ਨੂੰ, ਕੋਈ ਕਿਸੇ ਨੂੰ ਯਾਦ ਕਰਦੇ ਹਨ, ਉਨ੍ਹਾਂ ਨੂੰ ਯਾਦ ਕਰਨ ਨਾਲ ਕੀ ਫ਼ਾਇਦਾ? ਬਾਬਾ ਨੇ ਕਿਹਾ ਹੈ 'ਮਹਾਰਥੀ', ਤਾਂ ਉਨ੍ਹਾਂ ਨੇ ਬੈਠ ਹਾਥੀ ਤੇ ਸਵਾਰੀ ਦਿਖਾ ਦਿੱਤੀ ਹੈ। ਇਹ ਸਭ ਗੱਲਾਂ ਬਾਪ ਹੀ ਸਮਝਾਉਂਦੇ ਹਨ। ਵੱਡੇ - ਵੱਡੇ ਆਦਮੀ ਕਿਤੇ ਜਾਂਦੇ ਹਨ ਤਾਂ ਕਿੰਨੀ ਆਓਭਗਤ ਕਰਦੇ ਹਨ। ਤੁਸੀਂ ਹੋਰ ਕਿਸੇ ਨੂੰ ਆਓਭਗਤ ਨਹੀਂ ਦਿੰਦੇ ਹੋ। ਤੁਸੀਂ ਜਾਣਦੇ ਹੋ ਇਸ ਸਮੇਂ ਸਾਰਾ ਝਾੜ ਜੜਜੜੀਭੂਤ ਹੈ। ਵਿਸ਼ ਦੀ ਪੈਦਾਇਸ਼ ਹੈ। ਤੁਹਾਨੂੰ ਹੁਣ ਫੀਲਿੰਗ ਆਉਣੀ ਚਾਹੀਦੀ ਹੈ ਕਿ ਸਤਿ ਸਤਿਯੁੱਗ ਵਿੱਚ ਵਿਸ਼ ਦੀ ਗੱਲ ਨਹੀਂ ਹੈ। ਬਾਪ ਕਹਿੰਦੇ ਮੈਂ ਤੁਹਾਨੂੰ ਪਦਮਾਪਦਮ ਪਤੀ ਬਣਾਉਂਦਾ ਹਾਂ। ਸੁਦਾਮਾ ਪਦਮਾਪਦਮ ਪਤੀ ਬਣਿਆ ਨਾ। ਸਭ ਆਪਣੇ ਲਈ ਹੀ ਕਰਦੇ ਹਨ। ਬਾਪ ਕਹਿੰਦੇ ਹਨ ਇਸ ਪੜਾਈ ਨਾਲ ਤੁਸੀਂ ਕਿੰਨਾ ਉੱਚਾ ਬਣਦੇ ਹੋ। ਉਹ ਗੀਤਾ ਸਭ ਸੁਣਦੇ, ਪੜਦੇ ਹਨ। ਇਹ ਵੀ ਪੜਦਾ ਸੀ ਪਰ ਜਦੋਂ ਬਾਪ ਨੇ ਬੈਠ ਸੁਣਾਇਆ ਤਾਂ ਵੰਡਰ ਖਾਦਾ। ਬਾਪ ਦੀ ਗੀਤਾ ਨਾਲ ਸਦਗਤੀ ਹੋਈ। ਇਹ ਮਨੁੱਖਾਂ ਨੇ ਬੈਠ ਬਣਾਇਆ ਹੈ। ਕਹਿੰਦੇ ਹਨ ਅੱਲ੍ਹਾ ਮੀਆਂ ਨੇ ਇਸ ਤਰ੍ਹਾਂ ਕਿਹਾ। ਪਰ ਸਮਝਦੇ ਕੁਝ ਵੀ ਨਹੀਂ ਹਨ - ਅੱਲ੍ਹਾ ਕੌਣ? ਦੇਵੀ ਦੇਵਤਾ ਧਰਮ ਵਾਲੇ ਹੀ ਭਗਵਾਨ ਨੂੰ ਨਹੀਂ ਜਾਣਦੇ ਹਨ ਤਾਂ ਪਿੱਛੇ ਆਉਣ ਵਾਲੇ ਕੀ ਜਾਨਣਗੇ। ਸਰਵ ਸ਼ਾਸਤਰਮਈ ਸ਼ਿਰੋਮਣੀ ਗੀਤਾ ਹੀ ਰਾਂਗ(ਗਲਤ) ਕਰ ਦਿੱਤੀ ਹੈ ਤਾਂ ਬਾਕੀ ਫਿਰ ਸ਼ਾਸਤਰਾਂ ਵਿੱਚ ਕੀ ਹੋਵੇਗਾ? ਬਾਪ ਨੇ ਜੋ ਸਾਨੂੰ ਬੱਚਿਆਂ ਨੂੰ ਸੁਣਾਇਆ ਹੈ ਉਹ ਪਰਾਏ ਲੋਪ(ਥੋੜੇ ਸਮੇਂ ਲਈ ਗੁੱਪਤ) ਹੋ ਗਿਆ ਹੈ। ਹੁਣ ਤੁਸੀਂ ਬਾਪ ਤੋਂ ਸੁਣਕੇ ਦੇਵਤਾ ਬਣ ਰਹੇ ਹੋ। ਪੁਰਾਣੀ ਦੁਨੀਆਂ ਦਾ ਹਿਸਾਬ ਤਾਂ ਸਭ ਨੂੰ ਚੁਕਤੂ ਕਰਨਾ ਹੈ ਫਿਰ ਆਤਮਾ ਪਵਿੱਤਰ ਬਣ ਜਾਂਦੀ ਹੈ। ਉਨ੍ਹਾਂ ਦਾ ਵੀ ਕੁਝ ਹਿਸਾਬ- ਕਿਤਾਬ ਹੋਵੇਗਾ ਤਾਂ ਉਹ ਚੁਕਤੂ ਹੋਵੇਗਾ। ਅਸੀਂ ਹੀ ਪਹਿਲੇ-ਪਹਿਲੇ ਜਾਂਦੇ ਹਾਂ ਫਿਰ ਪਹਿਲਾਂ-ਪਹਿਲਾਂ ਆਉਂਦੇ ਹਾਂ। ਬਾਕੀ ਸਭ ਸਜਾਵਾਂ ਖਾਕੇ ਹਿਸਾਬ - ਕਿਤਾਬ ਚੁਕਤੂ ਕਰਾਂਗੇ। ਇਨ੍ਹਾਂ ਗੱਲਾਂ ਵਿੱਚ ਜ਼ਿਆਦਾ ਨਾ ਜਾਓ। ਪਹਿਲਾਂ ਤਾਂ ਇਹ ਨਿਸ਼ਚੇ ਕਰਾਓ ਕਿ ਸਭ ਦਾ ਸਦਗਤੀ ਦਾਤਾ ਬਾਪ ਹੈ। ਟੀਚਰ ਗੁਰੂ ਉਹ ਇੱਕ ਹੀ ਬਾਪ ਹੈ । ਉਹ ਹੈ ਅਸ਼ਰੀਰੀ। ਉਸ ਆਤਮਾ ਵਿੱਚ ਕਿੰਨਾ ਗਿਆਨ ਹੈ! ਗਿਆਨ ਦਾ ਸਾਗਰ ਸੁਖ ਦਾ ਸਾਗਰ ਹੈ। ਕਿੰਨੀ ਉਨ੍ਹਾਂ ਦੀ ਮਹਿਮਾ ਹੈ। ਹੈ ਉਹ ਵੀ ਆਤਮਾ। ਆਤਮਾ ਹੀ ਆਕੇ ਸ਼ਰੀਰ ਵਿੱਚ ਪ੍ਰਵੇਸ਼ ਕਰਦੀ ਹੈ। ਸਿਵਾਏ ਪਰਮਪਿਤਾ ਪਰਮਾਤਮਾ ਦੇ ਤਾਂ ਕੋਈ ਆਤਮਾ ਦੀ ਮਹਿਮਾ ਕਰ ਨਹੀਂ ਸਕਦਾ ਹੈ। ਹੋਰ ਸਭ ਸ਼ਰੀਰਧਾਰੀਆਂ ਦੀ ਮਹਿਮਾ ਕਰਦੇ ਹਨ। ਇਹ ਹੈ ਸੁਪਰੀਮ ਆਤਮਾ। ਬਗੈਰ ਸ਼ਰੀਰ ਆਤਮਾ ਦੀ ਮਹਿਮਾ ਸਿਵਾਏ ਇਕ ਨਿਰਾਕਾਰ ਬਾਪ ਦੇ ਕਿਸੇ ਦੀ ਨਹੀਂ ਹੋ ਸਕਦੀ ਹੈ। ਆਤਮਾ ਵਿੱਚ ਹੀ ਗਿਆਨ ਦੇ ਸੰਸਕਾਰ ਹਨ। ਬਾਪ ਵਿੱਚ ਕਿੰਨੇ ਗਿਆਨ ਦੇ ਸੰਸਕਾਰ ਹਨ। ਪਿਆਰ ਦਾ ਸਾਗਰ, ਗਿਆਨ ਦਾ ਸਾਗਰ... ਕੀ ਇਹ ਆਤਮਾ ਦੀ ਮਹਿਮਾ ਹੈ? ਕੋਈ ਮਨੁੱਖ ਦੀ ਇਹ ਮਹਿਮਾ ਹੋ ਨਹੀਂ ਸਕਦੀ ਹੈ। ਕ੍ਰਿਸ਼ਨ ਦੀ ਹੋ ਨਾ ਸਕੇ। ਉਹ ਤਾਂ ਪਹਿਲਾ ਨੰਬਰ ਪ੍ਰਿੰਸ ਹੈ। ਬਾਪ ਵਿੱਚ ਸਾਰੀ ਨਾਲੇਜ਼ ਹੈ ਜੋ ਆਕੇ ਬੱਚਿਆਂ ਨੂੰ ਵਰਸਾ ਦਿੰਦੇ ਹਨ ਇਸਲਈ ਮਹਿਮਾ ਗਾਈ ਜਾਂਦੀ ਹੈ। ਸ਼ਿਵ ਜੇਯੰਤੀ ਤਾਂ ਹੀਰੇ ਵਰਗੀ ਹੈ। ਧਰਮ ਸਥਾਪਕ ਆਉਂਦੇ ਹਨ, ਕੀ ਕਰਦੇ ਹਨ? ਸਮਝੋ ਕ੍ਰਾਇਸਟ ਆਇਆ, ਉਸ ਸਮੇਂ ਕ੍ਰਿਸ਼ਚਨ ਤਾਂ ਹੈ ਨਹੀਂ। ਕਿਸਨੂੰ ਕੀ ਨਾਲੇਜ਼ ਦੇਣਗੇ? ਬਹੁਤ ਕਰਕੇ ਕਹਿਣਗੇ ਚੰਗੀ ਚਾਲ ਚੱਲੋ। ਇਹ ਤਾਂ ਬਹੁਤ ਮਨੁੱਖ ਸਮਝਾਉਂਦੇ ਰਹਿੰਦੇ ਹਨ। ਬਾਕੀ ਸਦਗਤੀ ਦੀ ਨਾਲੇਜ਼ ਕੋਈ ਦੇ ਨਹੀਂ ਸਕਦਾ ਹੈ। ਉਨ੍ਹਾਂ ਨੂੰ ਆਪਣਾ-ਆਪਣਾ ਪਾਰਟ ਮਿਲਿਆ ਹੋਇਆ ਹੈ। ਸਤੋ, ਰਜੋ, ਤਮੋ ਵਿੱਚ ਆਉਣਾ ਹੈ। ਆਉਣ ਦੇ ਨਾਲ ਹੀ ਕ੍ਰਿਸ਼ਚਨਾਂ ਦੀ ਚਰਚ ਕਿਵੇਂ ਬਣੇਗੀ। ਜਦੋਂ ਬਹੁਤ ਹੋਣਗੇ, ਭਗਤੀ ਸ਼ੁਰੂ ਹੋਵੇਗੀ ਫਿਰ ਚਰਚ ਬਣਾਉਣਗੇ। ਉਸ ਵਿੱਚ ਬਹੁਤ ਪੈਸੇ ਚਾਹੀਦੇ ਹਨ। ਲੜਾਈ ਵਿੱਚ ਵੀ ਪੈਸੇ ਚਾਹੀਦੇ ਹਨ। ਤਾਂ ਬਾਪ ਸਮਝਾਉਂਦੇ ਹਨ ਇਹ ਮਨੁੱਖ ਸ੍ਰਿਸ਼ਟੀ ਝਾੜ ਹੈ। ਝਾੜ ਕਦੇ ਵੀ ਲੱਖਾਂ ਸਾਲ ਦਾ ਹੁੰਦਾ ਹੈ ਕੀ? ਹਿਸਾਬ ਨਹੀਂ ਬਣਦਾ। ਬਾਪ ਕਹਿੰਦੇ ਹਨ - ਹੇ ਬੱਚੇ, ਤੁਸੀਂ ਕਿੰਨੇ ਬੇਸਮਝ ਬਣ ਗਏ ਸੀ। ਹੁਣ ਤੁਸੀਂ ਸਮਝਦਾਰ ਬਣਦੇ ਹੋ। ਪਹਿਲਾ ਤੋਂ ਹੀ ਤਿਆਰ ਹੋ ਕੇ ਆਉਂਦੇ ਹੋ, ਰਾਜ ਕਰਨ ਦੇ ਲਈ। ਉਹ ਤਾਂ ਇਕੱਲੇ ਆਉਂਦੇ ਹਨ ਫਿਰ ਬਾਅਦ ਵਿੱਚ ਵਾਧਾ ਹੁੰਦਾ ਹੈ। ਝਾੜ ਦਾ ਫਾਊਂਡੇਸ਼ਨ ਦੇਵੀ - ਦੇਵਤਾ, ਉਨ੍ਹਾਂ ਤੋਂ ਫਿਰ 3 ਟਯੂਬ (ਸ਼ਾਖਾ) ਨਿਕਲਦੇ ਹਨ। ਫਿਰ ਛੋਟੇ-ਛੋਟੇ ਮੱਠ ਪੰਥ ਆਉਂਦੇ ਹਨ। ਵ੍ਰਿੱਧੀ ਹੁੰਦੀ ਹੈ ਤਾਂ ਉਨ੍ਹਾਂ ਦੀ ਫਿਰ ਕੁਝ ਮਹਿਮਾ ਹੋ ਜਾਂਦੀ ਹੈ। ਪਰ ਫਾਇਦਾ ਕੁਝ ਵੀ ਨਹੀਂ ਹੈ। ਸਭ ਨੂੰ ਥੱਲੇ ਆਉਣਾ ਹੈ। ਤੁਹਾਨੂੰ ਹੁਣ ਸਾਰੀ ਨਾਲੇਜ਼ ਮਿਲ ਰਹੀ ਹੈ। ਕਹਿੰਦੇ ਹਨ ਗੌਡ ਇਜ਼ ਨਾਲੇਜ਼ਫੁੱਲ ਪਰ ਨਾਲੇਜ਼ ਕੀ ਹੈ। ਇਹ ਕਿਸੇ ਨੂੰ ਪਤਾ ਹੈ। ਤੁਹਾਨੂੰ ਹੁਣ ਇਹ ਨਾਲੇਜ਼ ਮਿਲ ਰਹੀ ਹੈ ਭਾਗਿਆਸ਼ਾਲੀ ਰਥ ਤਾਂ ਜਰੂਰ ਚਾਹੀਦਾ ਹੈ। ਬਾਪ ਸਧਾਰਨ ਤਨ ਵਿੱਚ ਆਉਂਦੇ ਹਨ ਓਦੋਂ ਇਹ ਭਾਗਿਆਸ਼ਾਲੀ ਬਣਦੇ ਹਨ। ਸਤਿਯੁੱਗ ਵਿੱਚ ਸਭ ਪਦਮਾ ਪਦਮ ਭਾਗਿਆਸ਼ਾਲੀ ਹਨ। ਹੁਣ ਤੁਹਾਨੂੰ ਗਿਆਨ ਦਾ ਤੀਸਰਾ ਨੇਤਰ(ਅੱਖ) ਮਿਲਿਆ ਹੈ। ਜਿਸ ਨਾਲ ਤੁਸੀਂ ਲਕਸ਼ਮੀ - ਨਰਾਇਣ ਬਣਦੇ ਹੋ। ਗਿਆਨ ਤਾਂ ਇਕ ਵਾਰ ਹੀ ਮਿਲਦਾ ਹੈ। ਭਗਤੀ ਵਿੱਚ ਤਾਂ ਧੱਕੇ ਖਾਂਦੇ ਰਹਿੰਦੇ ਹਨ। ਹਨੇਰਾ ਹੈ ਨਾ। ਗਿਆਨ ਹੈ ਦਿਨ, ਦਿਨ ਵਿੱਚ ਧੱਕੇ ਨਹੀਂ ਖਾਂਦੇ ਹਨ। ਬਾਪ ਕਹਿੰਦੇ ਹਨ ਭਾਵੇ ਘਰ ਵਿੱਚ ਗੀਤਾ ਪਾਠਸ਼ਾਲਾ ਖੋਲੋ। ਬਹੁਤ ਹਨ ਜੋ ਕਹਿੰਦੇ ਹਨ ਅਸੀਂ ਤਾਂ ਨਹੀਂ ਉਠਾਉਂਦੇ, ਦੂਜਿਆਂ ਲਈ ਜਗ੍ਹਾ ਦਿੰਦੇ ਹਾਂ। ਇਹ ਵੀ ਚੰਗਾ ਹੈ।

ਇਥੇ ਬੜਾ ਸਾਈਲੈਂਸ ਹੋਣਾ ਚਾਹੀਦਾ ਹੈ। ਇਹ ਹੈ ਹੋਲੀਅਸਟ ਆਫ਼ ਹੋਲੀ ਕਲਾਸ। ਜਿਥੇ ਸ਼ਾਂਤੀ ਵਿੱਚ ਤੁਸੀਂ ਬਾਪ ਨੂੰ ਯਾਦ ਕਰਦੇ ਹੋ। ਸਾਨੂੰ ਹੁਣ ਸ਼ਾਂਤੀਧਾਮ ਵਿੱਚ ਜਾਣਾ ਹੈ। ਇਸਲਈ ਬਾਪ ਨੂੰ ਬੜੇ ਪਿਆਰ ਨਾਲ ਯਾਦ ਕਰਨਾ ਹੈ। ਸਤਿਯੁੱਗ ਵਿੱਚ 21 ਜਨਮ ਲਈ ਤੁਸੀਂ ਸੁੱਖ ਸ਼ਾਂਤੀ ਦੋਨੋ ਪਾਉਂਦੇ ਹੋ। ਬੇਹੱਦ ਦਾ ਬਾਪ ਹੈ ਬੇਹੱਦ ਦਾ ਵਰਸਾ ਦੇਣ ਵਾਲਾ। ਤਾਂ ਇਵੇਂ ਦੇ ਬਾਪ ਨੂੰ ਫਾਲੋ ਕਰਨਾ ਚਾਹੀਦਾ ਹੈ। ਹੰਕਾਰ ਨਹੀਂ ਆਉਣਾ ਚਾਹੀਦਾ ਹੈ, ਉਹ ਸੁੱਟ ਦਿੰਦਾ ਹੈ। ਬੜੀ ਧੀਰਜ ਵਾਲੀ ਅਵਸਥਾ ਚਾਹੀਦੀ ਹੈ। ਹੱਠ ਨਹੀਂ। ਦੇਹ - ਅਭਿਮਾਨ ਨੂੰ ਹੱਠ ਕਿਹਾ ਜਾਂਦਾ ਹੈ। ਬਹੁਤ ਮਿੱਠਾ ਬਣਨਾ ਹੈ। ਦੇਵਤਾ ਕਿੰਨੇ ਮਿੱਠੇ ਹਨ, ਕਿੰਨੀ ਕਸ਼ਿਸ਼ ਹੁੰਦੀ ਹੈ। ਬਾਪ ਤੁਹਾਨੂੰ ਇਵੇਂ ਦਾ ਬਣਾਉਂਦੇ ਹਨ। ਤਾਂ ਇਸ ਤਰ੍ਹਾਂ ਦੇ ਬਾਪ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ। ਤਾਂ ਬੱਚਿਆਂ ਨੂੰ ਇਹ ਗੱਲਾਂ ਬਾਰ-ਬਾਰ ਸਿਮਰਨ ਕਰ ਕੇ ਖੁਸ਼

ਹੋਣਾ ਚਾਹੀਦਾ ਹੈ। ਇਸਨੂੰ ਤਾਂ ਇਹ ਨਿਸ਼ਚੇ ਹੈ ਕਿ ਅਸੀਂ ਇਹ ਸ਼ਰੀਰ ਛੱਡ ਕੇ ਲਕਸ਼ਮੀ - ਨਰਾਇਣ ਬਣਾਂਗੇ। ਏਮ ਆਬਜੈਕਟ ਦਾ ਚਿੱਤਰ ਪਹਿਲਾਂ ਦੇਖਣਾ ਚਾਹੀਦਾ ਹੈ। ਉਹ ਤਾਂ ਪੜਾਉਣ ਵਾਲੇ ਦੇਹਧਾਰੀ ਟੀਚਰ ਹਨ। ਇਥੇ ਪੜਾਉਣ ਵਾਲਾ ਨਿਰਾਕਾਰ ਬਾਪ ਹੈ, ਜੋ ਆਤਮਾਵਾਂ ਨੂੰ ਪੜਾਉਂਦੇ ਹਨ। ਇਹ ਚਿੰਤਨ ਕਰਨ ਨਾਲ ਖੁਸ਼ੀ ਹੁੰਦੀ ਹੈ। ਇਨ੍ਹਾਂ ਨੂੰ ਇਹ ਨਸ਼ਾ ਰਹਿੰਦਾ ਹੈ ਕਿ ਇਹ ਬ੍ਰਹਮਾ ਸੋ ਵਿਸ਼ਨੂੰ, ਵਿਸ਼ਨੂੰ ਸੋ ਬ੍ਰਹਮਾ ਕਿਵੇਂ ਬਣਦੇ ਹਨ। ਇਹ ਵੰਡਰਫੁਲ ਗੱਲਾਂ ਤੁਸੀਂ ਹੀ ਸੁਣ ਕੇ ਧਾਰਨ ਕਰ ਫਿਰ ਦੂਜਿਆਂ ਨੂੰ ਸੁਣਉਂਦੇ ਹੋ। ਬਾਪ ਤਾਂ ਸਭ ਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਬਾਕੀ ਇਹ ਸਮਝ ਸਕਦੇ ਹਨ ਕਿ ਰਜਾਈ ਦੇ ਲਾਇਕ ਕੌਣ-ਕੌਣ ਬਣਨਗੇ। ਬਾਪ ਦਾ ਫ਼ਰਜ ਹੈ ਬੱਚਿਆਂ ਨੂੰ ਉੱਚਾ ਚੁੱਕਣਾ। ਬਾਪ ਸਭ ਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਬਾਪ ਕਹਿੰਦੇ ਮੈਂ ਵਿਸ਼ਵ ਦਾ ਮਾਲਿਕ ਨਹੀਂ ਬਣਦਾ ਹਾਂ। ਬਾਪ ਇਸ ਮੁੱਖ ਦਵਾਰਾ ਬੈਠ ਨਾਲੇਜ਼ ਸੁਣਉਂਦੇ ਹਨ। ਅਕਾਸ਼ਵਾਣੀ ਕਹਿੰਦੇ ਹਨ ਪਰ ਅਰਥ ਨਹੀਂ ਸਮਝਦੇ ਹਨ। ਸੱਚੀ ਆਕਾਸ਼ਵਾਣੀ ਤਾਂ ਇਹ ਹੈ ਜੋ ਬਾਪ ਉਪਰ ਤੋਂ ਆਕੇ ਇਸ ਗਊਮੁੱਖ ਦਵਾਰਾ ਸੁਣਉਂਦੇ ਹਨ। ਇਸ ਮੁੱਖ ਰਾਹੀਂ ਵਾਣੀ ਵੀ ਨਿਕਲਦੀ ਹੈ।

ਬੱਚੇ ਬੜੇ ਮਿੱਠੇ ਹਨ। ਕਹਿੰਦੇ ਹਨ ਬਾਬਾ ਅੱਜ ਟੋਲੀ (ਪ੍ਰਸਾਦ) ਖਵਾਓ। ਝਾੜੀ ਬਹੁਤ ਟੋਲੀ ਬੱਚੇ। ਚੰਗੇ ਬੱਚੇ ਕਹਿਣਗੇ ਅਸੀਂ ਬੱਚੇ ਵੀ ਹਾਂ ਤਾਂ ਸਰਵੈਂਟ ਵੀ ਹਾਂ। ਬਾਬਾ ਨੂੰ ਬਹੁਤ ਖੁਸ਼ੀ ਹੁੰਦੀ ਹੈ ਬੱਚਿਆਂ ਨੂੰ ਦੇਖ ਕੇ। ਬੱਚੇ ਜਾਣਦੇ ਹਨ ਸਮੇਂ ਬੜਾ ਥੋੜਾ ਹੈ। ਇੰਨੇ ਜੋ ਬੰਬ ਬਣਾਏ ਹਨ, ਉਹ ਇਵੇਂ ਹੀ ਸੁੱਟ ਦੇਣਗੇ ਕੀ? ਜੋ ਕਲਪ ਪਹਿਲਾਂ ਹੋਇਆ ਸੀ ਉਹ ਫਿਰ ਹੋਵੇਗਾ। ਸਮਝਦੇ ਹਨ ਵਿਸ਼ਵ ਵਿੱਚ ਸ਼ਾਂਤੀ ਹੋਵੇ। ਪਰ ਇਵੇਂ ਤਾਂ ਹੋ ਨਹੀਂ ਸਕਦੀ ਹੈ। ਵਿਸ਼ਵ ਵਿੱਚ ਸ਼ਾਂਤੀ ਤੁਸੀਂ ਸਥਾਪਨ ਕਰਦੇ ਹੋ। ਤੁਹਾਨੂੰ ਵਿਸ਼ਵ ਦੀ ਬਾਦਸ਼ਾਹੀ ਦੀ ਪ੍ਰਾਈਜ਼ ਮਿਲਦੀ ਹੈ। ਦੇਣ ਵਾਲਾ ਹੈ ਬਾਪ। ਯੋਗਬਲ ਨਾਲ ਤੁਸੀਂ ਵਿਸ਼ਵ ਦੀ ਬਾਦਸ਼ਾਹੀ ਲੈਂਦੇ ਹੋ। ਸ਼ਰੀਰਕ ਬੱਲ ਨਾਲ ਵਿਸ਼ਵ ਦਾ ਵਿਨਾਸ਼ ਹੁੰਦਾ ਹੈ। ਸਾਈਲੈਂਸ ਨਾਲ ਤੁਸੀਂ ਜਿੱਤ ਪਾਉਂਦੇ ਹੋ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਅਵਸਥਾ ਬੜੀ ਧੀਰਜ ਵਾਲੀ ਬਨਾਉਣੀ ਹੈ। ਬਾਪ ਨੂੰ ਫਾਲੋ ਕਰਨਾ ਹੈ। ਕਿਸੇ ਵੀ ਗੱਲ ਦਾ ਹੰਕਾਰ ਨਹੀਂ ਦਿਖਾਉਣਾ ਹੈ। ਦੇਵਤਾਵਾਂ ਵਰਗਾ ਮਿੱਠਾ ਬਣਨਾ ਹੈ।

2. ਸਦਾ ਹਰਸ਼ਿਤ(ਖੁਸ਼) ਰਹਿਣ ਦੇ ਲਈ ਗਿਆਨ ਦਾ ਸਿਮਰਨ ਕਰਦੇ ਰਹੋ। ਵਿਚਾਰ ਸਾਗਰ ਮੰਥਨ ਕਰੋ। ਅਸੀਂ ਭਗਵਾਨ ਦੇ ਬੱਚੇ ਵੀ ਹਾਂ ਤਾਂ ਸਰਵੈਂਟ ਵੀ ਹਾਂ - ਇਸ ਸਮ੍ਰਿਤੀ ਨਾਲ ਸੇਵਾ ਵਿੱਚ ਤੱਤਪਰ(ਤਿਆਰ) ਰਹਿਣਾ ਹੈ।

ਵਰਦਾਨ:- ਮਨਮਨਾਭਵ ਦੇ ਨਾਲ ਮੱਧਜੀ ਭਵ ਦੇ ਮੰਤਰ ਸਵਰੂਪ ਵਿੱਚ ਸਥਿਤ ਰਹਿਣ ਵਾਲੇ ਮਹਾਨ ਆਤਮਾ ਭਵ

ਤੁਹਾਨੂੰ ਬੱਚਿਆਂ ਨੂੰ ਮਨਮਨਾਭਵ ਦੇ ਨਾਲ ਮਧਜੀ ਭਵ ਦਾ ਵੀ ਵਰਦਾਨ ਹੈ। ਆਪਣਾ ਸਵਰਗ ਦਾ ਸਵਰੂਪ ਸਮ੍ਰਿਤੀ ਵਿੱਚ ਰਹੇ ਇਸਨੂੰ ਕਹਿੰਦੇ ਹਨ ਮਧਜੀ ਭਵ। ਜੋ ਅਪਣੀ ਸ੍ਰੇਸ਼ਠ ਪ੍ਰਾਪਤੀਆਂ ਦੇ ਨਸ਼ੇ ਵਿੱਚ ਰਹਿੰਦੇ ਹਨ ਉਹ ਹੀ ਮੱਧਜੀ ਭਵ ਦੇ ਮੰਤਰ ਸਵਰੂਪ ਵਿੱਚ ਸਥਿਤ ਰਹਿ ਸਕਦੇ ਹਨ। ਜੋ ਮੱਧਜੀ ਭਵ ਹਨ ਉਹ ਮਨਮਨਾਭਵ ਤਾਂ ਹੋਣਗੇ ਹੀ। ਅਜਿਹੇ ਬੱਚਿਆਂ ਦੇ ਹਰ ਸੰਕਲਪ, ਹਰ ਬੋਲ ਅਤੇ ਹਰ ਕਰਮ ਮਹਾਨ ਹੋ ਜਾਂਦੇ ਹਨ। ਸਮ੍ਰਿਤੀ ਸਵਰੂਪ ਬਣਨਾ ਮਾਨਾ ਮਹਾਨ ਆਤਮਾ ਬਣਨਾ।

ਸਲੋਗਨ:- ਖੁਸ਼ੀ ਤੁਹਾਡਾ ਸਪੈਸ਼ਲ ਖਜ਼ਾਨਾ ਹੈ। ਇਸ ਖਜ਼ਾਨੇ ਨੂੰ ਕਦੀ ਨਹੀਂ ਛੱਡਣਾ।

******